ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ
www.chandigarh.gov.in
ਪ੍ਰੈਸ ਨੋਟ

ਚੰਡੀਗੜ੍ਹ, ਫਰਵਰੀ 5:- ਚੰਡੀਗੜ੍ਹ ਪ੍ਰਸ਼ਾਸਨ ਦੇ ਸਿਹਤ ਵਿਭਾਗ ਦੁਆਰਾ 7 ਤੋਂ 9 ਫਰਵਰੀ, 2010 ਤੱਕ ਪਲਸ ਪੋਲਿਉ ਅਭਿਆਨ ਦੇ ਪੰਜਵੇਂ ਚਰਨ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪਹਿਲੇ ਦਿਨ ਦੀ ਗਤੀਵਿਧੀ ਭਿੰਨ ਭਿੰਨ ਖੇਤਰਾਂ ਵਿਚ ਨਾਮੀ ਬੂਥਾਂ ਵਿਚ ਆਯੋਜਿਤ ਕੀਤੀ ਜਾਵੇਗੀ ਜਦੋਂਕਿ ਅਗਲੇ ਦੋ ਦਿਨਾਂ, 8 ਅਤੇ 9 ਫਰਵਰੀ ਨੂੰ ਘਰ ਘਰ ਜਾ ਕੇ ਪਲਸ ਪੋਲਿਉ ਦੀਆਂ ਬੂੰਦਾ ਪਿਲਾਈਆਂ ਜਾਣਗੀਆਂ।

ਸਿਹਤ ਵਿਭਾਗ ਨੇ ਚੰਡੀਗੜ੍ਹ ਵਾਸੀਆਂ ਤੋਂ ਪਲਸ ਪੋਲਿਉ ਅਭਿਆਨ ਦੇ ਇਸ ਚਰਨ ਨੂੰ ਸਫਲ ਬਣਾਉਣ ਅਤੇ ਸਕਾਰਾਤਮਕ ਪਰਿਣਾਮ ਲਿਆਉਣ ਵਿਚ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਭਿੰਨ ਭਿੰਨ ਬੂਥਾਂ ਤੱਕ ਬੱਚਿਆਂ ਨੂੰ ਲਿਆਉਣ ਵਿੱਚ ਭਿੰਨ ਭਿੰਨ ਗੈਰ ਸਰਕਾਰੀ ਸੰਗਠਨਾਂ, ਧਾਰਮਿਕ ਨੇਤਾਵਾਂ ਅਤੇ ਨਗਰ ਪਰਿਸ਼ਦਾਂ ਦਾ ਯੋਗਦਾਨ ਕਾਫੀ ਪ੍ਰਸ਼ੰਸਾਯੋਗ ਹੈ। ਇਸਦੇ ਇਲਾਵਾ ਸਕੂਲਾਂ, ਕਾਲਜ਼ਾਂ, ਪੀਜੀਆਈ ਅਤੇ ਨਰਸਿੰਗ ਕਾਲਜ਼ਾਂ ਦੇ ਵੈਸੀਨੇਟਰਸ ਵੀ 0 ਤੋਂ 5 ਉਮਰ ਵਰਗ ਦੇ ਬੱਚਿਆਂ ਨੂੰ ਕਵਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।